# ਸ਼ਹੀਦ ਸੁਖਦੇਵ ਦੀ ਇੱਕ ਅਤੀ ਭਾਵੁਕ, ਅਣਗੌਲੀ ਲਿਖਤ: ਹਥੀਂ ਤੋਰੇ ਭਗਤ ਸਿੰਘ ਦੀ ਸਿੱਕ

ਮਲਵਿੰਦਰ ਜੀਤ ਸਿੰਘ ਵੜੈਚ *

**ਪਿਛੋਕੜ**: ਜਿਵੇਂ ਕਿ ਅਸੀਂ ਸਾਰੇ ਜਾਣਦੇ ਆ ਕਿ ਇਲਕਲਾਬੀ ਦਲ ਦੀ ਸੈਂਟ੍ਰਲ ਕਮੇਟੀ ਦੀ ਦਿੱਲੀ ਵਿਖੇ ਅਪ੍ਰੈਲ 1929 ਦੇ ਪਹਿਲੇ ਹਫ਼ਤੇ ਹੋਈ ਮੀਟਿੰਗ ਦੌਰਾਨ (ਜਿਸ ਵਿੱਚ ਸੁਖਦੇਵ ਹਾਜਰ ਨਹੀਂ ਸੀ) ਭਗਤ ਸਿਘ ਦੇ ਪੂਰਾ ਜ਼ੋਰ ਲਾਉਣ ਤੇ ਵੀ ਕਮੇਟੀ ਨੇ ਉਸਨੂੰ ਇਸ ਕਾਰਜ ਲਈ ਭੇਜਣਾ ਪ੍ਰਵਾਨ ਨਹੀਂ ਸੀ ਕੀਤਾ, ਅਤੇ ਪਿਛੋਂ ਸੁਖਦੇਵ ਨੇ ਭਗਤ ਸਿੰਘ ਨੂੰ ਅੱਗੇ ਲਾਕੇ ਕਮੇਟੀ ਦੀ ਇੱਕ ਹੋਰ ਮੀਟਿੰਗ ਬੁਲਵਾਈ ਤੇ ਕਮੇਟੀ ਦੀ ਪ੍ਰਵਾਨਗੀ ਦੀ ਮੋਹਰ ਲੁਆਈ ਸੀ। ਸੁਖਦੇਵ ਦੀ ਇਸ ਅੜੀ ਪਿੱਛੇ ਉਹਦੀ ਇਹ ਧਾਰਨਾ ਸੀ ਕਿ ਇਸ ਕਾਰਜ ਲਈ ਭਗਤ ਸਿੰਘ ਹੀ ਯੋਗ ਹੈ; ਮਗਰੋਂ ਜਦ ਸੁਖਦੇਵ ਇਹ ਫੈਸਲਾ ਕਰਾਕੇ ਵਾਪਸ ਲਾਹੌਰ ਪੁਜਿਆ ਤਾਂ ਦੁਰਗਾ ਭਾਬੀ ਅਨੁਸਾਰ ਉਹਦੀਆਂ ਅੱਖਾਂ ਦੀ ਲਾਲੀ ਅਤੇ ਸੋਜ਼ਸ਼ ਤੋਂ ਸਾਫ਼ ਜ਼ਾਹਿਰ ਸੀ ਕਿ ਉਹ ਰਾਤੀ ਰੋਂਦਾ ਹੀ ਰਿਹੈ।

ਸੁਖਦੇਵ ਦਾ ਦਿਲੀਉਂ ਪਰਤ ਕੇ ਅਜੇ ਸਾਹ ਨਾਲ ਸਾਹ ਵੀ ਨਹੀਂ ਸੀ ਰਲ੍ਹਿਆ ਕਿ ਉਹ ਆਪ ਵੀ 15 ਅਪ੍ਰੈਲ ਨੂੰ ਆਪਣੀ ਲਾਹੌਰ ਵਾਲੀ 'ਬੰਬ ਫੈਕਟਰੀ' 'ਚੋਂ ਫੜ ਲਿਆ ਗਿਆ ਸੀ, ਸੋ ਜਦੋਂ ਹੀ ਉਹਨੂੰ ਪੁਲਿਸ ਹਵਾਲਾਤ ਵਿੱਚ ਦਿੱਲੀਓਂ ਆਏ ਇੱਕ ਡੀ.ਐਸ.ਪੀ. ਕੋਲੋਂ ਭਗਤ ਸਿੰਘ ਦੀ ਰਾਜੀ-ਖੁਸ਼ੀ ਪੁਛਣ ਦਾ ਮੌਕਾ ਮਿਲਿਆ ਤਾਂ ਉਹ ਧੁਰ ਅੰਦਰੋਂ ਝੰਜੋੜਿਆ ਗਿਆ, ਬੁਖਲਾ ਗਿਆ, ਤੇ ਉਹਨੇ ਆਪਣੇ ਹਾਵ-ਭਾਵ ਜਿਉਂ ਦੇ ਤਿਉਂ ਇੱਕ ਕਾਗਜ਼ ਤੇ ਲਿਖ ਕੇ ਕਿਵੇਂ ਨਾ ਕਿਵੇਂ ਦੇਸ਼ ਹਿਤ ਰੋਜ਼ਾਨਾ ਉਰਦੂ ਅਖ਼ਬਾਰ 'ਵੰਦੇ ਮਾਤਰਮ' ਦੇ ਸੁਘੜ ਸੰਪਾਦਕ ਨੂੰ ਭੇਜ ਦਿੱਤੇ, ਜਿਸਨੇ ਉਹਦੀ ਸ਼ਹੀਦੀ ਪਿੱਛੋਂ 10 ਅਪ੍ਰੈਲ 1931 ਨੂੰ ਛਾਪਿਆ ਸੀ।

ਇਸ ਬਹੁਮੁੱਲੀ ਵਿਰਾਸਤ ਦੀ ਨਿਸ਼ਾਨ ਦੇਹੀ ਤੇ ਪ੍ਰਕਾਸ਼ਨਾ ਦਾ ਸਿਹਰਾ (ਗੁਜ਼ਰ ਚੁਕੇ) ਇਨਕਲਾਬੀਆਂ ਦੇ ਹਮਸ਼ਫ਼ਰ ਤੇ ਪਰੋੜ ਲੇਖਾਕਾਰ ਸ਼੍ਰੀ ਸ਼ਿਵ ਵਰਮਾ ਦੇ ਸਿਰ ਤੇ ਹੈ, ਜਿਨ੍ਹਾਂ ਇਸਨੂੰ ਆਪਣੀ 1968 ਵਿੱਚ ਪ੍ਰਕਾਸ਼ਤ ਟਕਸਾਲੀ ਰਚਨਾ 'ਸੰਸਮਰਿਤਿਆਂ' ਦੇ ਸੋਧੇ ਹੋਏ 2002 ਵਾਲੇ ਐਡੀਸ਼ਨ ਵਿੱਚ ਪਾਠਕਾਂ ਦੀ ਨਜ਼ਰ ਕੀਤਾ ਸੀ, ਜਿਸ ਦਾ ਅਨੁਵਾਦ ਇਸ ਪ੍ਰਕਾਰ ਹੈ:

> **''ਉਸ ਦਿਨ (8 ਅਪ੍ਰੈਲ 1929) ਦੀ ਘਟਨਾ ਨੇ ਮੇਰੀ ਰੂਹਾਨੀ ਜ਼ਿੰਦਗੀ ਵਿੱਚ ਭੁਚਾਲ ਲਿਆ ਦਿੱਤਾ ਸੀ। ਦੁਨੀਆਂ ਮੈਨੂੰ ਸੁੰਨਸਾਨ ਨਜ਼ਰ ਆਉਣ ਲੱਗੀ। ਬਾਹਰੀ ਦੁਨੀਆਂ ਦੇ ਸੁਆਦ ਮੈਥੋਂ ਦੂਰ ਭੱਜ ਗਏ। ਮੈਂ ਕਹਿਣ ਲੱਗਿਆ ਕਿ ਹੁਣ ਮੇਰਾ ਕੋਈ ਨਹੀਂ ਰਿਹਾ, ਜੋ ਮੇਰਾ ਸੀ ਉਹ ਚਲਿਆ ਗਿਐ, ਜੋ ਰਹਿ ਗਿਐ ਉਹ ਕੰਮ ਹੈ। ਇਸ ਵਿੱਚ ਆਪਣਾਪਨ ਤੇ ਬੇਗਾਨਾਪਨ ਨਹੀਂ ਹੈ। ਮੈਂ ਗੱਲਾਂ ਕਰਦਾ ਹਾਂ, ਪਰ ਮਨ ਕਿਸੇ ਹੋਰ ਹੀ ਖਿਆਲ ਵਿੱਚ ਗੁਆਚਿਆ ਹੁੰਦਾ। ਮੈ ਹੱਸਦਾਂ, ਪਰ ਇਸ ਹਾਸੇ ਵਿੱਚ ਮੁਸਕਰਾਹਟ ਜ਼ਰਾ ਜਿੰਨੀ ਵੀ ਨਹੀਂ। ਮੈਂ ਕੰਮ ਵਿੱਚ ਲੱਗਿਆ ਰਹਿੰਦਾ, ਇੱਕ ਇਨਸਾਨ ਦੀ ਸ਼ਕਲ ਵਿੱਚ ਨਹੀਂ, ਬਲਕਿ ਇੱਕ ਮਸ਼ੀਨ ਦੇ ਵਾਂਗ। ਇੰਜ ਲੱਗਦੈ ਕਿ ਮੇਰਾ ਜੋ ਕੁੱਝ ਸੀ, ਉਹ ਮੈਥੋਂ ਖੁਸ ਚੁੱਕਿਐ। ਹੁਣ ਮੇਰੇ ਕੋਲ ਕੁੱਝ ਨਹੀਂ ਰਿਹਾ...। ਮੈਂ ਉਸ ਨਾਲ ਤਰਕ ਨਹੀਂ ਕਰ ਸਕਦਾ, ਆਪਣੇ ਤੋਂ ਦੂਰ ਨਹੀਂ ਕਰ ਸਕਦਾ, ਪਰ ਉਹ ਤਾਂ ਚਲਿਆ ਗਿਐ, ਬਹੁਤ ਦੂਰ, ਐਨੀ ਦੂਰ ਕਿ ਜਿੱਥੇ ਮੇਰੀ ਪਹੁੰਚ ਵੀ ਨਹੀਂ ਹੋ ਸਕਦੀ; ਨਾ ਹੁਣ ਉਹ ਵਾਪਸ ਹੀ ਆ ਸਕਦੈ। ਇਸ ਚਿੰਤਾ ਨੇ ਮੈਨੂੰ ਨਿਢਾਲ ਕਰ ਦਿੱਤੈ ਤੇ ਮੇਰਾ ਦਿਲ ਉਹਦੀ ਭਾਲ ਵਿੱਚ ਖੋ ਗਿਐ...। ਜਿਸ ਪਾਸੇ ਵੀ ਨਿਗਾਹ ਜਾਂਦੀ ਏ ਉਸ ਦਾ ਖੂਬਸੂਰਤ ਚਿਹਰਾ, ਮਸਤ ਅੱਖਾਂ, ਜਗਮਗਾਉਂਦੇ ਹੋਏ ਖਿਆਲ, ਲਾਟੂ ਵਾਂਗ ਘੁੰਮਦੇ ਹੋਏ ਦਿਖਾਈ ਦਿੰਦੇ...। ਮੇਰੀ ਮੁਹੱਬਤ ! ਇਹ ਇੱਕ ਬੇਵਕੂਫੀ ਸੀ, ਪ੍ਰੰਤੂ ਨਹੀਂ ਇਹ ਇੱਕ ਨਸ਼ਾ ਸੀ, ਇੱਕ ਦਿਵਾਨਗੀ ਸੀ, ਇੱਕ ਮੁਹੱਬਤ ਸੀ, ਜਿਸਨੂੰ ਮੈਂ ਉਸ ਵੇਲੇ ਸਮਝਿਆ ਜਦੋਂ ਮੈਂ ਖੁਦ ਪੁਲਿਸ ਦੀ ਹਵਾਲਾਤ ਵਿੱਚ ਸਾਂ।**
>
> **''ਮੇਰੀ ਗ੍ਰਿਫ਼ਤਾਰੀ ਤੋਂ ਕੁੱਝ ਦਿਨ ਮਗਰੋਂ ਡੀ.ਐਸ.ਪੀ. ਮੇਰੇ ਕੋਲ ਪਹੁੰਚਿਆ; ਗਲਾਂ ਗਲਾਂ 'ਚ ਉਹਨੇ ਮੈਨੂੰ ਦੱਸਿਆ ਕਿ ਉਹ ਦਿੱਲੀਓਂ ਆਇਐ। ਦਿੱਲੀ ਤੋਂ। ਇਹ ਅੱਖਰ ਸੁਣਦਿਆਂ ਈ ਮੇਰੇ ਦਿਲ ਦੇ ਤਾਰ ਖੜਕਣ ਲੱਗੇ ਦਿੱਲੀ ਤੋਂ? ਉਹਦੇ ਕੋਲੋਂ ਮੈਂ ਪੁਛਿਆ, 'ਕਦੋਂ ਆਏ, ਉਸਨੂੰ ਮਿਲੇ ਸੀ, ਉਹਦਾ ਕੀ ਹਾਲ ਏ? ਖੁਸ਼ ਏ? ਤੰਦਰੁਸਤ ਏ?' ਇਹ ਕਹਿੰਦੇ-ਕਹਿੰਦ ਮੇਰਾ ਗੱਚ ਭਰ ਆਇਆ।**
>
> **''ਮੇਰੇ ਓਨੀਂਦੇ ਜਜ਼ਬਾਤ ਨੇ, ਜੋ ਥੋੜ੍ਹਾ ਕੁ ਚਿਰ ਪਹਿਲੋਂ ਖਾਮੋਸ਼ ਸਨ ਮੈਨੂੰ ਸੁੰਨ ਕਰ ਦਿੱਤਾ। ਇਹਨਾਂ (ਉਪਰਲੇ) ਲਫ਼ਜ਼ਾਂ ਦੀ ਮੈਂ ਰੱਟ ਦਿਲ ਵਿੱਚ ਲਾਉਣ ਲੱਗਾ। ਆਪਣੀ ਹਾਲਤ ਦਾ ਖ਼ਿਆਲ ਤੱਜ, ਲੋਹੇ ਦੇ ਦਰਵਾਜ਼ੇ ਤੇ ਸਿਰ ਰੱਖਕੇ**

* ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109, ਫੋਨ: 0172-2556314,
ਈਮੇਲ: mjswaraich29@gmail.com

ਹਿਚਕੀਆਂ ਲੈਂਦਾ ਰੋਣ ਲੱਗਿਆ। ਓਹਦੀਆਂ ਮਸਤ ਅੱਖਾਂ ਮੈਨੂੰ ਮੁਹੱਬਤ ਭਰੀਆਂ ਨਜ਼ਰਾਂ ਨਾਲ ਤਕਣ ਲੱਗੀਆਂ। ਮੇਰਾ ਰੋਣਾ ਬੰਦ ਹੋ ਗਿਆ। ਮੈਂ ਵੀ ਪਾਗਲਾਂ ਵਾਂਗ ਉਹਦੇ ਵੱਲ ਟਿਕਟਿਕੀ ਲਾਕੇ ਵੇਖਣ ਲੱਗਾ। ਉਸਦੇ ਬਾਦ ਉਸ ਡੀ.ਐਸ.ਪੀ. ਨੇ ਮੈਨੂੰ ਦੋਬਾਰਾ ਕੁੱਝ ਨਹੀਂ ਦੱਸਿਆ, ਤੇ ਨਾ ਹੀ ਮੈਂ ਕੁੱਝ ਪੁਛਿਆ; ਇਹ ਸੋਚਦਿਆਂ ਕਿ ਲੋਕਾਂ ਵਿੱਚ ਉਹਦੀ ਚਰਚਾ (ਨਾ) ਹੋ ਜਾਏ, ਮੈਨੂੰ ਸ਼ਰਮ ਮਹਿਸੂਸ ਹੋਣ ਲੱਗੀ। ਲੇਕਿਨ ਸ਼ਰਮ ਹੁੰਨ ਕਸੂਰਵਾਰ ਦੀ ਸ਼ਰਮ ਨਹੀਂ ਸੀ। ਬੁਜ਼ਦਿਲ ਦੀ ਸ਼ਰਮ ਨਹੀਂ ਸੀ। ਮੇਰੀ ਸੁਭਾਵਿਕ ਕਮਜ਼ੋਰੀ ਦੇ ਇੱਕ ਨਾਵਾਕਫ਼ ਸ਼ਖ਼ਸ ਕੋਲ ਜ਼ਾਹਿਰ ਹੋ ਜਾਣ ਦੀ ਸ਼ਰਮ ਸੀ ਇਹ। ਉਹ ਸ਼ਖ਼ਸ ਜੋ ਮੈਨੂੰ ਆਪਣੇ ਸਰੀਰ ਸਮ ਜਾਪਦਾ ਸੀ। ਉਸੇ ਪੁਲਿਸ ਵਾਲੇ ਦੇ ਸਾਹਮਣੇ ਮੈਂ ਰੋ ਪਿਆ। ਕਿਸੇ ਦਾ ਜ਼ਿਕਰ ਕਰਕੇ ਓਹ ਕੀ ਸੋਚਦਾ ਹਵੇਗਾ। ਆਦਮੀ ਹੋਕੇ, ਇਨਕਲਾਬ ਪਸੰਦ ਹੋਕੇ ਕਿਸੇ ਪੁਲਿਸ ਵਾਲੇ ਦੀ ਮੌਜ਼ੂਦਗੀ ਵਿੱਚ ਰੋਣਾ ਮੇਰੇ ਲਈ ਗ਼ੈਰ ਵਾਜਬ ਸੀ। ਇਸ ਮੌਕੇ ਮੈਨੂੰ ਆਪਣੇ ਜਜ਼ਬਾਤ ਤੇ ਕਾਬੂ ਹਾਸਲ ਕਰਨਾ ਚਾਹੀਦਾ ਸੀ। ਮੈਂ ਬਹੁਤ ਬੁਰਾ ਕੀਤਾ। ਉਸਦੇ ਪਿੱਛੋਂ ਮੈਂ ਪੁਲਿਸ ਵਾਲਿਆਂ ਨਾਲ ਬਹੁਤੀ ਗੱਲਬਾਤ ਕਰਨੀ ਛੱਡ ਦਿੱਤੀ। ਮੈਂ ਹਰ ਵੇਲੇ ਲੇਟਿਆ ਰਹਿੰਦਾ ਸਾਂ। ਰਹਿ ਰਹਿ ਕੇ ਉਹਦਾ ਖਿਆਲ ਦਿਲ ਵਿੱਚ ਰੜਕਦਾ। ਉਹਦੇ ਮਸਤ ਨੈਣ ਮੇਰੇ ਸਾਹਮਣੇ ਨੱਚਦੇ ਰਹਿੰਦੇ। ਕਈ ਵਾਰੀ ਮੈਂ ਗੋਡਿਆਂ 'ਚ ਮੂੰਹ ਦਬਾਕੇ ਬੇ ਮੁਹਾਰਾ ਰੋਣ ਲੱਗਦਾ। ਰੋਂਦੇ ਹੋਏ ਸੋਚਦਾ ਕਿ ਮੈਨੂੰ ਕੀ ਹੋ ਗਿਆ ਹੈ, ਮੈਂ ਤਾਂ ਕਦੇ ਇਸ ਤਰ੍ਹਾਂ ਰੋਇਆ ਹੀ ਨਹੀਂ ਸਾਂ।''

---